# ਪਿੰਡ ਮਜਾਰਾ ਵਿਖੇ ਨੈਸ਼ਨਲ ਵੈਕਟਰ ਬੌਰਨ ਡਿਜੀਜ਼ ਕੰਟਰੋਲ ਪ੍ਰੋਗਰਾਮ ਤਹਿਤ ਡੇਂਗੂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ

ਅਵਤਾਰ ਸਿੰਘ ਧੀਮਾਨ



**ਬਲਾਚੌਰ/7 ਜੁਲਾਈ** : ਸਿਵਿਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਜੀ ਪੀ ਐੱਚ ਸੀ ਸੜੌਆ ਦੀ ਯੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਨੈਸ਼ਨਲ ਵੈਕਟਰ ਬੌਰਨ ਡਿਜੀਜ ਕੰਟਰੋਲ ਪ੍ਰੋਗਰਾਮ ਤਹਿਤ ਡੇਂਗੂ ਮਲੇਰੀਆ ਅਤੇ ਚਿਕਨਗੁਨੀਆ ਦੇ ਬਚਾਅ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਸਿਰਫ ਦਿਨ ਵੇਲੇ ਕੱਟਦੇ ਹਨ ਬਰਸਾਤਾਂ ਦੇ ਮੌਸਮ ਵਿੱਚ ਮੱਛਰਾਂ ਦੀ ਗਿਣਤੀ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਇਹ ਬਿਮਾਰੀਆਂ ਫੈਲਣ ਦਾ ਖਤਰਾ ਵਧ ਜਾਂਦਾ ਹੈ ਡੇਂਗੂ ਦੇ ਲੱਛਣਾ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਇਸ ਵਿੱਚ ਤੇਜ ਬੁਖਾਰ ਹੋਣਾ, ਸਿਰ ਦਰਦ ਹੋਣਾ, ਮਾਸਪੇਸ਼ੀਆਂ ਤੇ ਜੋੜਾਂ ਚ ਦਰਦ ਹੋਣਾ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਹੋਣਾ, ਅਤੇ ਹਾਲਤ ਖਰਾਬ ਹੋਣ ਤੇ ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਵਗਣਾ ਹੋ ਸਕਦੇ ਹਨ ਇਸ ਤੋਂ ਬਚਣ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ ਸਫਾਈ ਰੱਖਣੀ ਚਾਹੀਦੀ ਹੈ। ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ। ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਬੰਦ ਕਰਕੇ ਰੱਖੋ ਟੁੱਟੇ ਬਰਤਨਾ ਡੱਰਮਾ, ਟਾਇਰਾਂ ਆਦਿ ਨੂੰ ਖੁੱਲੇ ਵਿੱਚ ਨਾ ਰੱਖੋ ਪਸ਼ੂਆਂ ਨੂੰ ਪਾਣੀ ਪਿਲਾਉਣ ਵਾਲੀਆਂ ਹੌਦੀਆਂ ਨੂੰ ਢੱਕ ਕੇ ਰੱਖੋ ਸੌਣ ਵੇਲੇ ਮੱਛਰਦਾਨੀ ਜਾਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ ਹਰੇਕ ਸ਼ੁੱਕਰਵਾਰ ਡਰਾਈ ਡੇ ਮਨਾਓ ਕਿਉਂਕਿ ਡੇਂਗੂ ਦਾ ਮੱਛਰ ਹਫਤੇ ਵਿੱਚ ਆਂਡੇ ਤੋਂ ਪੂਰਾ ਮੱਛਰ ਬਣਦਾ ਹੈ ਇਸ ਲਈ ਕੂਲਰਾਂ ਗਮਲਿਆਂ ਫਰਿਜਾਂ ਦੀਆਂ ਟਰੇਆਂ ਅਤੇ ਹੋਰ ਪਾਣੀ ਦੇ ਭਰੇ ਭਾਂਡਿਆਂ ਨੂੰ ਹਫਤੇ ਵਿੱਚ ਇੱਕ ਦਿਨ ਜਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ। ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਚ ਜਾ ਕੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਡੇਂਗੂ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ ਪਿੰਡ ਵਿੱਚ 70 ਘਰਾਂ ਵਿੱਚ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ ਤੇ ਲਾਰਵਾ ਮਿਲਣ ਉਪਰੰਤ ਸਪਰੇ ਦਾ ਛੜਕਾ ਕੀਤਾ ਗਿਆ ਅਤੇ ਲੋਕਾਂ ਨੂੰ ਅੱਗੇ ਤੋਂ ਧਿਆਨ ਰੱਖਣ ਲਈ ਕਿਹਾ ਗਿਆ ਇਸ ਮੌਕੇ ਤੇ ਹੈਲਥ ਵਰਕਰ ਵਰੁਣ ਕੁਮਾਰ ਆਸ਼ਾ ਵਰਕਰ ਬਲਵਿੰਦਰ ਕੌਰ ਬਡਿੰਗ ਚੈੱਕਰ ਪਰਮਵੀਰ ਕੁਮਾਰ ਅਤੇ ਪੇਂਡੂ ਸਿਹਤ ਸਫਾਈ ਕਮੇਟੀ ਮੈਂਬਰ ਹਾਜ਼ਰ ਸਨ।

# ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਪੰਜਾਬ ਦੀ ਬਿਹਤਰੀ ਲਈ ਸੋਚਣ ਦੀ ਅੱਜ ਮੁੱਖ ਲੋੜ : ਰਾਮਗੜ੍ਹੀਆ

ਹਰਜਿੰਦਰ ਦੁੱਗਾਂ

**ਸੰਗਰੂਰ/7 ਜੁਲਾਈ** : ਪੰਜਾਬ, ਜਿਸ ਨੂੰ ਕਿਸੇ ਸਮੇਂ ਦੇਸ਼ ਦਾ ਸਭ ਤੋਂ ਖੁਸ਼ਹਾਲ ਅਤੇ ਮੋਹਰੀ ਸੂਬਾ ਮੰਨਿਆ ਜਾਂਦਾ ਸੀ, ਅੱਜ ਕਈ ਗੰਭੀਰ ਚੁਣੌਤੀਆਂ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਲੋਕਤੰਤਰ ਵਿੱਚ ਚੋਣਾਂ ਅਤੇ ਸੱਤਾ ਦਾ ਸੰਘਰਸ਼ ਇੱਕ ਸੁਭਾਵਿਕ ਪ੍ਰਕਿਰਿਆ ਹੈ, ਪਰ ਜਦੋਂ ਸਿਆਸੀ ਆਗੂਆਂ ਦਾ ਪੂਰਾ ਧਿਆਨ ਸਿਰਫ਼ ਆਪਣੀ ਕੁਰਸੀ ਬਚਾਉਣ ਅਤੇ ਅਗਲੀਆਂ ਚੋਣਾਂ ਜਿੱਤਣ ਦੀ ਦੌੜ-ਭੱਜ ਤੇ ਕੇਂਦਰਿਤ ਹੋ ਜਾਂਦਾ ਹੈ, ਤਾਂ ਸੂਬੇ ਦੇ ਮੁੱਖ ਅਤੇ ਲੰਬੇ ਸਮੇਂ ਦੇ ਮੁੱਦੇ ਪਛੜ ਜਾਂਦੇ ਹਨ। ਇਹਨਾਂ ਵਿਚਾਰਾ ਦਾ ਪ੍ਰਗਟਾਵਾ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਕੀਤਾ ਉਹਨਾਂ ਕਿਹਾ ਕਿ ਅੱਜ ਸਮੇਂ ਦੀ ਮੰਗ ਹੈ ਕਿ ਸਾਰੇ ਰਾਜਨੀਤਿਕ ਆਗੂ ਨਿੱਜੀ ਅਤੇ ਪਾਰਟੀ ਹਿੱਤਾਂ ਤੋਂ ਉੱਪਰ ਉੱਠ ਕੇ ਪੰਜਾਬ ਦੀ ਬਿਹਤਰੀ ਲਈ ਪਹਿਲ ਦੇ ਆਧਾਰ ਤੇ ਕੰਮ ਕਰਨ।



ਉਹਨਾਂ ਕਿਹਾ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਮੁੱਖ ਮੁੱਦਿਆਂ ਤੇ ਤੁਰੰਤ ਅਤੇ ਸੰਜੀਦਾ ਪਹੁੰਚ ਅਪਣਾਉਣ ਦੀ ਬਹੁਤ ਜਿਆਦਾ ਲੋੜ ਹੈ। ਨੌਜਵਾਨਾਂ ਲਈ ਰੁਜ਼ਗਾਰ ਅਤੇ ਪਲਾਇਨ (Brain Drain) ਨੂੰ ਰੋਕਣਾ: ਪੰਜਾਬ ਦਾ ਹੁਨਰਮੰਦ ਨੌਜਵਾਨ ਰੁਜ਼ਗਾਰ ਦੇ ਹਸਪਤਾਲ ਵਰਗੇ ਮੌਕੇ ਨਾ ਹੋਣ ਕਾਰਨ ਲਗਾਤਾਰ ਵਿਦੇਸ਼ਾਂ ਵੱਲ ਰੁਖ਼ ਕਰ ਰਿਹਾ ਹੈ। ਆਗੂਆਂ ਨੂੰ ਸਿਰਫ਼ ਚੋਣਾਂ ਦੌਰਾਨ ਨੌਕਰੀਆਂ ਦੇ ਵਾਅਦੇ ਕਰਨ ਦੀ ਬਜਾਏ, ਸੂਬੇ ਵਿੱਚ ਨਵੇਂ ਉਦਯੋਗ (ਆਈ.ਟੀ., ਫਾਰਮਾਸਿਊਟੀਕਲ, ਟੈਕਸਟਾਈਲ) ਲਿਆਉਣੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਨੂੰ ਇੱਥੇ ਹੀ ਚੰਗੇ ਮੌਕੇ ਮਿਲ ਸਕਣ। ਰਾਜਨੀਤੀ ਵਿੱਚ ਸੱਤਾ ਦਾ ਹੋਣਾ ਅਹਿਮ ਹੈ, ਪਰ ਸੱਤਾ ਦਾ ਅਸਲ ਮਕਸਦ ਲੋਕਾਂ ਦੀ ਸੇਵਾ ਅਤੇ ਸੂਬੇ ਦਾ ਵਿਕਾਸ ਹੋਣਾ ਚਾਹੀਦਾ ਹੈ। ਜਦੋਂ ਤੱਕ ਲੀਡਰਸ਼ਿਪ ਕੁਰਸੀ ਦੀ ਸਿਆਸਤ ਤੋਂ ਬਾਹਰ ਨਿਕਲ ਕੇ ਪੰਜਾਬ ਦੀ ਸਿਆਸਤ ਨਹੀਂ ਕਰੇਗੀ, ਉਦੋਂ ਤੱਕ ਪੱਕੇ ਸੁਧਾਰ ਸੰਭਵ ਨਹੀਂ ਹਨ। ਪੰਜਾਬ ਦੇ ਰੰਗਲੇ ਭਵਿੱਖ ਲਈ ਇੱਕਜੁੱਟ ਹੋ ਕੇ ਦੂਰਅੰਦੇਸ਼ੀ ਵਾਲੀਆਂ ਨੀਤੀਆਂ ਲਾਗੂ ਕਰਨਾ ਹੀ ਸੱਚੀ ਲੋਕ-ਸੇਵਾ ਹੋਵੇਗੀ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਦੋ ਨਵੇਂ ਟਿਊਬਵੈੱਲਾਂ ਦਾ ਉਦਘਾਟਨ

## ਪਾਣੀ ਦੀ ਕਿੱਲਤ ਵਾਲੇ ਇਲਾਕਿਆਂ ਨੂੰ ਮਿਲੇਗੀ ਵੱਡੀ ਰਾਹਤ

ਕਿਰਪਾਲ ਸਿੰਘ ਸੰਧੇ

**ਸੁਨਾਮ ਊਧਮ ਸਿੰਘ ਵਾਲਾ/7 ਜੁਲਾਈ** : ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਸੁਨਾਮ ਸ਼ਹਿਰ ਵਿੱਚ ਕਰੀਬ 84 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਦੋ ਨਵੇਂ ਟਿਊਬਵੈੱਲਾਂ ਦਾ ਉਦਘਾਟਨ ਕੀਤਾ।



ਕੈਬਨਿਟ ਮੰਤਰੀ ਨੇ ਦੱਸਿਆ ਕਿ ਸੁਨਾਮ ਸ਼ਹਿਰ ਦੇ ਜਿਨ੍ਹਾਂ ਇਲਾਕਿਆਂ ਵਿੱਚ ਲੰਬੇ ਸਮੇਂ ਤੋਂ ਪਾਣੀ ਦੀ ਕਿੱਲਤ ਰਹਿੰਦੀ ਸੀ, ਉਨ੍ਹਾਂ ਦੀ ਪਛਾਣ ਕਰਨ ਉਪਰੰਤ ਇਹ ਦੋਵੇਂ ਟਿਊਬਵੈੱਲ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇੱਕ ਟਿਊਬਵੈੱਲ ਰਾਹੀਂ ਪਟਿਆਲਾ ਰੋਡ, ਤਰਕਸ਼ੀਲ ਪਾਰਕ, ਮੋਰਾਂਵਾਲੀ ਅਤੇ ਮਹਾਰਾਜਾ ਪੈਲੇਸ ਦੇ ਆਸ-ਪਾਸ ਦੇ ਇਲਾਕਿਆਂ ਨੂੰ ਪਾਣੀ ਦੀ ਸਪਲਾਈ ਯਕੀਨੀ ਬਣੇਗੀ, ਜਦਕਿ ਦੂਜਾ ਟਿਊਬਵੈੱਲ ਭਗਵਾਨ ਵਾਲਮੀਕਿ ਮੈਮੋਰੀਅਲ ਪਾਰਕ ਨੇੜੇ ਸਥਾਪਤ ਕੀਤਾ ਗਿਆ ਹੈ, ਜਿਸ ਨਾਲ ਨੇੜਲੇ ਬਾਜ਼ਾਰ, ਸਿਨੇਮਾ ਰੋਡ ਅਤੇ ਹੋਰ ਨੇੜਲੇ ਇਲਾਕਿਆਂ ਦੇ ਹਜ਼ਾਰਾਂ ਵਸਨੀਕਾਂ ਨੂੰ ਲਾਭ ਮਿਲੇਗਾ।

ਸ਼ਹਿਰ ਦੀਆਂ ਸੜਕਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਿਨ੍ਹਾਂ ਥਾਵਾਂ ਤੇ ਸੜਕਾਂ ਦੀ ਮੁਰੰਮਤ, ਨਵੀਆਂ ਸੜਕਾਂ, ਇੰਟਰਲਾਕਿੰਗ ਟਾਈਲਾਂ ਜਾਂ ਹੋਰ ਵਿਕਾਸ ਕਾਰਜ ਹੋਣੇ ਹਨ, ਉਨ੍ਹਾਂ ਦੀ ਪੂਰੀ ਪਛਾਣ ਕੀਤੀ ਜਾ ਚੁੱਕੀ ਹੈ। ਬਰਸਾਤੀ ਮੌਸਮ ਕਾਰਨ ਕੁਝ ਕੰਮਾਂ ਵਿੱਚ ਅਸਥਾਈ ਦੇਰੀ ਹੋ ਸਕਦੀ ਹੈ, ਪਰ ਮੌਸਮ ਅਨੁਕੂਲ ਹੁੰਦਿਆਂ ਹੀ ਸਾਰੇ ਵਿਕਾਸ ਕਾਰਜ ਜੰਗੀ ਪੱਧਰ @ਤੇ ਮੁਕੰਮਲ ਕੀਤੇ ਜਾਣਗੇ।

ਅੰਡਰਬ੍ਰਿਜ਼ ਵਿੱਚ ਪਾਣੀ ਭਰਨ ਦੀ ਸਮੱਸਿਆ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਪੁਰਾਣੇ ਅੰਡਰਬ੍ਰਿਜ਼ ਦੀ ਉਸਾਰੀ ਦੌਰਾਨ ਤਕਨੀਕੀ ਖਾਮੀਆਂ ਰਹਿ ਗਈਆਂ ਸਨ, ਜਿਸ ਕਾਰਨ ਉਥੇ ਬਰਸਾਤ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ। ਇਸ ਸਮੱਸਿਆ ਦੇ ਸਥਾਈ ਹੱਲ ਲਈ ਸੀਵਰੇਜ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਦੇ ਸੀਨੀਅਰ ਇੰਜੀਨੀਅਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਵੇਂ ਅੰਡਰਬ੍ਰਿਜ਼ ਦੇ ਨਿਰਮਾਣ ਸਮੇਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਮੀਂਹ ਦਾ ਪਾਣੀ ਅੰਦਰ ਨਾ ਜਾਵੇ ਅਤੇ ਜੇਕਰ ਕਿਸੇ ਹਾਲਤ ਵਿੱਚ ਪਾਣੀ ਇਕੱਠਾ ਹੁੰਦਾ ਹੈ ਤਾਂ ਉਸ ਨੂੰ ਤੁਰੰਤ ਬਾਹਰ ਕੱਢਣ ਲਈ ਢੁਕਵਾਂ ਪੰਪਿੰਗ ਸਿਸਟਮ ਵੀ ਮੌਜੂਦ ਹੋਵੇ।

ਸੁਨਾਮ ਦੇ ਮਾਸਟਰ ਪਲਾਨ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸ਼੍ਰੀ ਅਮਨ ਅਰੋੜਾ ਨੇ ਦੱਸਿਆ ਕਿ ਹਾਊਸਿੰਗ ਅਤੇ ਉਦਯੋਗ ਵਿਭਾਗ ਦੇ ਅਧਿਕਾਰੀਆਂ ਨੂੰ ਸੁਨਾਮ ਅਤੇ ਧੂਰੀ ਲਈ ਮਾਸਟਰ ਪਲਾਨ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਇੱਕ ਤਕਨੀਕੀ ਅਤੇ ਸਮਾਂ ਲੈਣ ਵਾਲੀ ਪ੍ਰਕਿਰਿਆ ਹੈ, ਪਰ ਸਰਕਾਰ ਇਸ ਨੂੰ ਤਰਜੀਹ ਦੇ ਆਧਾਰ ਤੇ ਅੱਗੇ ਵਧਾ ਰਹੀ ਹੈ ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਸ਼ਹਿਰ ਦਾ ਯੋਜਨਾਬੱਧ ਅਤੇ ਟਿਕਾਊ ਵਿਕਾਸ ਯਕੀਨੀ ਬਣਾਇਆ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੁਨਾਮ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜ ਲਗਾਤਾਰ ਜਾਰੀ ਰਹਿਣਗੇ, ਤਾਂ ਜੋ ਹਰ ਨਾਗਰਿਕ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਅਤੇ ਵੱਡੀ ਗਿਣਤੀ ਸ਼ਹਿਰ ਵਾਸੀ ਹਾਜ਼ਰ ਸਨ।

# ਸਾਂਝਾ ਫਰੰਟ ਬਠਿੰਡਾ ਵੱਲੋਂ ਘਿਰਾਓ ਦੀਆਂ ਤਿਆਰੀਆਂ ਮੁਕੰਮਲ, 11 ਜੁਲਾਈ ਨੂੰ ਹੋਵੇਗਾ ਜ਼ੋਰਦਾਰ ਪ੍ਰਦਰਸ਼ਨ



ਦਸਨਸ

**ਬਠਿੰਡਾ/7 ਜੁਲਾਈ** : ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਬਠਿੰਡਾ ਅਤੇ ਸਾਂਝਾ ਮੁਲਾਜ਼ਮ ਮੰਚ ਬਠਿੰਡਾ ਦੀ 4 ਜੁਲਾਈ ਨੂੰ ਟੀਚਰਜ਼ ਹੋਮ ਬਠਿੰਡਾ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ 11 ਜੁਲਾਈ ਨੂੰ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੀ ਵਧਾਇਕ ਦੇ ਘਰ ਦਾ ਘਿਰਾਓ ਕਰਕੇ ਰੋਸ ਪੱਤਰ ਦੇਣ ਦੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਤਲਵੰਡੀ ਸਾਬੋ ਵਿਖੇ ਤਿਆਰੀ ਮੀਟਿੰਗ ਕੀਤੀ ਗਈ।ਜਿਸ ਅਨੁਸਾਰ ਲੇਲੇਵਾਲਾ ਰੋਡ ਪਾਰਕ ਵਿਖੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਭਾਰੀ ਇਕੱਠ ਕਰਕੇ ਸ਼ਹਿਰ ਵਿੱਚੋਂ ਰੋਸ ਮਾਰਚ ਕਰਦੇ ਹੋਏ ਐਮ ਐਲ ਏ ਪ੍ਰੋ ਬਲਜਿੰਦਰ ਕੌਰ ਦੇ ਘਰ ਦਾ ਘਿਰਾਓ ਕਰਕੇ ਰੋਸ ਪੱਤਰ ਦਿੱਤਾ ਜਾਵੇਗਾ।ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਦੇ ਲਈ ਵੱਖ ਵੱਖ ਸਾਥੀਆਂ ਦੀਆਂ ਤਿਆਰੀਆਂ ਸਬੰਧੀ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਇਸ ਪ੍ਰੋਗਰਾਮ ਤੋਂ ਬਾਅਦ 17 ਜੁਲਾਈ ਨੂੰ ਮੁਹਾਲੀ ਵਿਖੇ ਹੋ ਰਹੀ ਸੂਬਾ ਪੱਧਰੀ ਰੈਲੀ ਨੂੰ ਸਫ਼ਲ ਬਣਾਉਣ ਲਈ ਵੀ ਜ਼ੋਰਦਾਰ ਮੁਹਿੰਮ ਵਿੱਢੀ ਜਾਵੇਗੀ।ਅੱਜ ਦੀ ਇਸ ਮੀਟਿੰਗ ਵਿੱਚ ਗਗਨਦੀਪ ਸਿੰਘ ਭੁੱਲਰ ਸੂਬਾ ਕਨਵੀਨਰ, ਹਰਨੇਕ ਸਿੰਘ ਗਹਿਰੀ ਪ ਸ ਸ ਫ 1406, ਬਲਜਿੰਦਰ ਸਿੰਘ ਡੀ ਟੀ ਐਫ, ਬਲਦੇਵ ਸਿੰਘ ਪੈਨਸ਼ਨਰ ਐਸੋਸ਼ੀਏਸ਼ਨ,ਭੁਪਿੰਦਰਪਾਲ ਕੌਰ, ਗੁਰਮੇਲ ਸਿੰਘ ਮਲਕਾਣਾ ਡੀ ਟੀ ਐਫ, ਹਰਜੀਤ ਸਿੰਘ ਜੀਦਾ, ਲਖਬੀਰ ਸਿੰਘ ਭਾਗੀਬਾਂਦਰ, ਜਗਜੀਤ ਸਿੰਘ, ਕੁਲਦੀਪ ਸਿੰਘ ਸੰਗਤ,ਭੋਲਾ ਰਾਮ ਡੀ ਟੀ ਐਫ, ਜਸਵਿੰਦਰ ਸਿੰਘ ਸੰਦੋਹਾ, ਬਖਸ਼ੀਸ਼ ਸਿੰਘ, ਦਵਿੰਦਰ ਸਿੰਘ, ਅਮਨਦੀਪ ਸਿੰਘ,ਜਗਮੀਤ ਸਿੰਘ ਤਾਲਮੇਲ ਕਮੇਟੀ ਪੈਰਾ ਮੈਡੀਕਲ ਆਦਿ ਆਗੂ ਹਾਜਰ ਸਨ।

# ਸਰਕਾਰੀ ਦਾਅਵਿਆਂ ਦੇ ਉਲਟ ਮਰੀਜ਼ਾਂ ਨੂੰ ਮਹਿੰਗੇ ਮੁੱਲ ਦੀਆਂ ਦਵਾਈਆਂ ਬਾਹਰੋਂ ਖ਼ਰੀਦਣੀਆਂ ਪੈ ਰਹੀਆਂ : ਜਥੇਦਾਰ ਮੁਲਤਾਨੀ

## ਹਸਪਤਾਲ ਅੰਦਰ ਬਜ਼ੁਰਗਾਂ ਤੇ ਬੱਚਿਆਂ ਵਾਲੀਆਂ ਔਰਤਾਂ ਦੀ ਖੱਜਲ ਖੁਆਰੀ ਰੋਕਣ ਦੀ ਮੰਗ

ਮਨਜੀਤ ਸਿੰਘ ਚੀਮਾ

**ਮੁਕੇਰੀਆਂ, 7 ਜੁਲਾਈ** : ਸਿੱਖ ਸਦਭਾਵਨਾਂ ਦਲ ਪੰਜਾਬ ਦੇ ਪ੍ਰਧਾਨ ਜਥੇਦਾਰ ਗੁਰਵਤਨ ਸਿੰਘ ਮੁਲਤਾਨੀ ਨੇ ਕਿਹਾ ਕਿ ਸਰਕਾਰ ਦੇ ਲੱਖਾਂ ਦਾਅਵਿਆਂ ਦੇ ਬਾਵਜੂਦ ਸਿਵਲ ਹਸਪਤਾਲ ਮੁਕੇਰੀਆਂ ਅੰਦਰ ਮਰੀਜ਼ਾਂ ਨੂੰ ਦਵਾਈ ਲੈਣ ਲਈ ਖੱਜ਼ਲ ਖੁਆਰ ਹੋਣਾ ਪੈ ਰਿਹਾ ਹੈ। ਦੁਖੀ ਹੋ ਕੇ ਲੋਕਾਂ ਨੂੰ ਮਹਿੰਗੇ ਮੁੱਲ 'ਤੇ ਬਾਹਰੋਂ ਦਵਾਈ ਖਰੀਦਣੀ ਪੈ ਰਹੀ ਹੈ।



ਜਥੇਦਾਰ ਮੁਲਤਾਨੀ ਨੇ ਦੱਸਿਆ ਕਿ ਵੱਖ ਵੱਖ ਪਿੰਡਾਂ ਵਿੱਚ ਜਥੇਬੰਦਕ ਮੀਟਿੰਗਾਂ ਦੌਰਾਨ ਲੋਕਾਂ ਨੇ ਦੱਸਿਆ ਕਿ ਹਸਪਤਾਲ ਅੰਦਰ ਓਪੀਡੀ ਦੀ ਪਰਚੀ ਕਟਾਉਣ ਵੇਲੇ ਲੋਕਾਂ ਨੂੰ ਲੰਬੀਆਂ ਲਾਈਨਾਂ ਵਿੱਚ ਖੜ੍ਹਨਾ ਪੈ ਰਿਹਾ ਹੈ। ਹਸਪਤਾਲ ਪ੍ਰਸਾਸ਼ਨ ਵਲੋਂ ਪਰਚੀ ਕਟਾਉਣ ਵਾਲੇ ਲੋਕਾਂ ਦੇ ਬੈਠਣ ਆਦਿਕ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਲੰਬੀਆਂ ਲਾਈਨਾਂ ਵਿੱਚ ਲੱਗੇ ਬਜ਼ੁਰਗਾਂ ਅਤੇ ਬੱਚਿਆਂ ਵਾਲੀਆਂ ਔਰਤਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਦੇ ਡਾਕਟਰਾਂ ਵਲੋਂ ਲਿਖੀਆਂ ਦਵਾਈਆਂ ਜਾਂ ਤਾਂ ਹਸਪਤਾਲ ਅੰਦਰੋਂ ਮਿਲਦੀਆਂ ਨਹੀਂ ਅਤੇ ਜੇਕਰ ਮਿਲਦੀਆਂ ਵੀ ਹਨ ਤਾਂ ਕਈ ਘੰਟੇ ਲਾਈਨਾਂ ਵਿੱਚ ਖੜ੍ਹਨਾ ਪੈ ਰਿਹਾ ਹੈ। ਕਈ ਮਰੀਜ਼ਾਂ ਨੇ ਦੱਸਿਆ ਕਿ ਡਾਕਟਰ ਅੰਦਰਲੀਆਂ ਦਵਾਈਆਂ ਨੂੰ ਖੁਦ ਯੋਗ ਨਹੀਂ ਦੱਸਦੇ ਅਤੇ ਬਾਹਰੀ ਮੈਡੀਕਲ ਸਟੋਰਾਂ ਤੋਂ ਲੈਣ ਦੀ ਸਲਾਹ ਦਿੰਦੇ ਹਨ। ਜਿਆਦਾਤਰ ਦਵਾਈ ਹਸਪਤਾਲ ਦੇ ਪਿਛਲੇ ਪਾਸੇ ਵਾਲੇ ਮੈਡੀਕਲ ਸਟੋਰ ਦੀਆਂ ਹੀ ਲਿਖੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਮਰੀਜਾਂ ਨੂੰ ਕੋਈ ਬਹੁਤ ਫਾਇਦਾ ਨਹੀਂ ਹੁੰਦਾ। ਉਨ੍ਹਾਂ ਸਿਵਲ ਸਰਜਨ ਹੁਸ਼ਿਆਰਪੁਰ ਤੋਂ ਮੰਗ ਕੀਤੀ ਕਿ ਸਿਵਲ ਹਸਪਤਾਲ ਮੁਕੇਰੀਆਂ ਅੰਦਰ ਮਰੀਜ਼ਾਂ ਨੂੰ ਦਵਾਈਆਂ ਨਾ ਮਿਲਣ ਅਤੇ ਹੋ ਰਹੀ ਖੱਜ਼ਲ ਖੁਆਰੀ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ।

ਇਸ ਸਬੰਧੀ ਸੰਪਰਕ ਕਰਨ 'ਤੇ ਸਿਵਲ ਹਸਪਤਾਲ ਦੇ ਐਸਐਮਓ ਡਾ. ਰਮਨ ਕੁਮਾਰ ਨੇ ਕਿਹਾ ਕਿ ਹਸਪਤਾਲ ਦੀ ਇਮਾਰਤ ਢਾਹੇ ਜਾਣ ਕਾਰਨ ਓਪੀਡੀ ਸ਼ਿਫਟ ਕੀਤੀ ਗਈ ਹੈ, ਜਿਸ ਕਾਰਨ ਕੁਝ ਮੁਸ਼ਕਲ ਆਈ ਹੈ। ਪਰ ਮਰੀਜ਼ਾਂ ਤੇ ਬਜ਼ੁਰਗਾਂ ਦੇ ਬੈਠਣ ਆਦਿਕ ਦਾ ਪੂਰਾ ਪ੍ਰਬੰਧ ਹੈ। ਉਨ੍ਹਾਂ ਮੰਨਿਆ ਕਿ ਕੁਝ ਦਿਨ ਪਹਿਲਾਂ ਦਵਾਈਆਂ ਦੀ ਥੋੜ ਹਸਪਤਾਲ ਅੰਦਰ ਆਈ ਸੀ, ਪਰ ਹੁਣ ਦੋ ਟਰੱਕ ਦਵਾਈਆਂ ਦੇ ਆ ਗਏ ਹਨ ਅਤੇ ਕਿਸੇ ਵੀ ਮਰੀਜ਼ ਨੂੰ ਪ੍ਰੇਸ਼ਾਨ ਨਹੀਂ ਹੋਣ ਦਿੱਤਾ ਜਾਵੇਗਾ। ਜੇਕਰ ਕਿਸੇ ਮਰੀਜ਼ ਨੂੰ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ।

# ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵੱਲੋਂ ਸਵੈ ਇਛੁੱਕ ਖ਼ੂਨਦਾਨ ਕੈਂਪ ਲਾਇਆ

ਬਲਦੇਵ ਸਿੰਘ ਬਾਜਵਾ

**ਗੁਰਦਾਸਪੁਰ, 7 ਜੁਲਾਈ** : ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈਡ ਕਰਾਸ ਸੋਸਾਇਟੀ, ਗੁਰਦਾਸਪੁਰ ਆਦਿਤਿਆ ਉੱਪਲ ਵਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵਲੋ ਇੱਕ ਸਵੈ ਇਛੱਕ ਖੂਨਦਾਨ ਕੈਪ ਆਰ.ਪੀ. ਅਰੋੜਾ ਮੈਡੀਸਿਟੀ, ਗੁਰਦਾਸਪੁਰ ਦੇ ਸਹਿਯੋਗ ਨਾਲ ਰੈਡ ਕਰਾਸ ਦਫਤਰ ਵਿਚ ਟਰੇਨਿਗ ਪ੍ਰਾਪਤ ਕਰ ਰਹੇ ਵਿਅਕਤੀਆ ਦੇ ਨਾਲ ਲਗਾਇਆ ਗਿਆ।



ਜਿਸ ਵਿਚ ਟਰੇਨਿੰਗ ਪ੍ਰਾਪਤ ਕਰ ਰਹੇ ਬੱਚਿਆ ਨੂੰ ਸਕੱਤਰ ਰੈਡ ਕਰਾਸ ਸੋਸਾਇਟੀ ਰਾਜੀਵ ਸਿੰਘ ਵਲੋ ਖੂਣ ਦਾਨ ਕਰਨ ਦੀ ਮਹੱਹਤਾ ਬਾਰੇ ਦੱਸਿਆ ਗਿਆ ਕਿ ਇਹ ਇੱਕ ਬੁਹਤ ਹੀ ਮਹਾਨ ਕੰਮ ਹੈ ਕਿਉਂਕਿ ਸਾਡੇ ਸਰੀਰ ਦਾ ਮੁੱਲ ਆਧਾਰ ਖੂਣ ਹੁੰਦਾ ਹੈ ਜ਼ੋ ਨਾ ਤਾਂ ਕਿਸੇ ਫੈਕਟਰੀ ਵਿਚ ਤਿਆਰ ਹੁੰਦਾ ਹੈ ਅਤੇ ਨਾ ਕਿਸੇ ਹੋਰ ਲਿਆ ਜਾ ਸਕਦਾ ਹੈ ਇਸ ਦੀ ਕਮੀ ਸਿਰਫ ਮਨੁੱਖ ਦੇ ਖੂਣ ਤੋ ਹੀ ਪੂਰੀ ਕੀਤੀ ਜਾਂ ਸਕਦੀ ਹੈ।

ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵਲੋ ਇਹ ਕੈਪ ਲਗਾਏ ਜਾਂਦੇ ਰਹਿੰਦੇ ਹਨ ਅਤੇ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਸਵੈ ਇਛੱਕ ਖੂਣ ਦਾਨ ਕੈਪ ਲਗਾਉਣ ਵਿਚ ਰੈਡ ਕਰਾਸ ਸੋਸਾਇਟੀ ਦਾ ਸਹਿਯੋਗ ਕਰਨ ਲਈ ਅਗਾਂਹ ਆਉਣ ਤਾਂ ਜੋ ਜਦੋ ਵੀ ਕਿਸੇ ਵਿਅਕਤੀ ਨੂੰ ਖੂਣ ਦੀ ਜਰੂਰਤ ਪੈਦੀ ਹੈ ਤਾਂ ਬਿਨਾਂ ਕਿਸੇ ਦੇਰੀ ਤੋ ਉਹਨਾਂ ਦੀ ਮਦਦ ਕੀਤੀ ਜਾ ਸਕੇ ਇਸ ਚੱਲ ਰਹੇ ਖੂਣ ਦਾਨ ਕੈਪ ਦੇ ਵਿਚ ਖਾਸ ਤੋਂ ਡਾਂ ਰਾਜਨ ਅਰੋੜਾ, ਐਮ.ਡੀ, ਆਰ.ਪੀ. ਅਰੋੜਾ ਮੈਡੀਸਿਟੀ, ਗੁਰਦਾਸਪੁਰ ਸ੍ਰੀ ਪਰਮਵੀਰ ਸਿੰਘ, ਡਾ ਰੁਪਾਲੀ, ਬੱਲਬ ਬੈਕ ਇੰਚਾਰਜ, ਆਰ.ਪੀ. ਅਰੋੜਾ ਮੈਡੀਸਿਟੀ, ਗੁਰਦਾਸਪੁਰ ਅਤੇ ਉਹਨਾਂ ਦੀ ਟੈਕਨੀਕਲ ਟੀਮ ਦੇ ਮੈਬਰ ਹਾਜਰ ਸਨ। ਇਸ ਸੈਵ ਇੱਛਕ ਕੈਪ ਵਿਚ 12 ਯੂਨਿਟ ਖੂਣ ਇਕੱਠਾ ਕੀਤਾ ਗਿਆ।

# ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਬੀਡੀਪੀਓ ਦਫ਼ਤਰ ਦਸੂਹਾ ਵਿਖੇ ਅੰਗਹੀਣ ਵਿਅਕਤੀਆਂ ਲਈ ਕੈਂਪ ਅੱਜ

ਹਰਮੋਹਿੰਦਰ ਸਿੰਘ

**ਦਸੂਹਾ, 7 ਜੁਲਾਈ** : ਬੀਡੀਪੀਓ ਦਫਤਰ ਦਸੂਹਾ ਵਿਖੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸਸ਼ਿਕਾ ਜੈਨ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਐਲਿਮਕੋ ਮੋਹਾਲੀ ਦੇ ਸਹਿਯੋਗ ਨਾਲ ਲੋੜਵੰਦ ਦਿਵਿਆਂਗਾਂ ਲਈ ਮੁਫਤ ਬਨਾਵਟੀ ਅੰਗ ਅਤੇ ਹੋਰ ਸਹਾਇਕ ਉਪਕਰਨ ਵੰਡ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰੈਡ ਕ੍ਰਾਸ ਹੁਸ਼ਿਆਰਪੁਰ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਬੀਡੀਪੀਓ ਦਫਤਰ ਦਸੂਹਾ ਵਿਖੇ 8 ਜੁਲਾਈ ਨੂੰ ਕੈਂਪ ਦਾ ਆਯੋਜਨ ਸਵੇਰੇ 9 ਤੋਂ ਦੁਪਿਹਰ 4 ਵਜੇ ਤੱਕ ਕੀਤਾ ਜਾਵੇਗਾ, ਉਨ੍ਹਾਂ ਕਿਹਾ ਕੈਂਪ ਦੌਰਾਨ ਲੋੜਵੰਦ ਪ੍ਰਾਰਥੀਆਂ ਦੇ ਬਨੌਟੀ ਅੰਗਾਂ ਦੇ ਨਾਪ ਲਏ ਜਾਣਗੇ ਅਤੇ ਕੁਝ ਹੀ ਦਿਨਾਂ ਅੰਦਰ ਬਿਲਕੁਲ ਮੁਫਤ ਪ੍ਰਾਰਥੀਆਂ ਨੂੰ ਮੁਹਈਆ ਕਰਵਾਏ ਜਾਣਗੇ, ਉਨ੍ਹਾਂ ਕਿਹਾ ਇਸ ਮੌਕੇ ਮੋਟਰਾਇਜ਼ਡ ਲੈਂਦੇ ਟਰਾਈ ਸਾਈਕਲ ਉਨ੍ਹਾਂ ਦਿਵਿਆਂਗ ਵਿਅਕਤੀਆਂ ਨੂੰ ਦਿੱਤੇ ਜਾਣਗੇ ਜਿਨ੍ਹਾਂ ਦੀ ਦਵਿਆਂਗਤਾ 80% ਜਾਂ ਇਸ ਤੋਂ ਵੱਧ ਹੈ ਅਤੇ ਪਿਛਲੇ ਪੰਜ ਸਾਲਾਂ ਦੌਰਾਨ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਤੋਂ ਅਜਿਹੀ ਕੋਈ ਸਹਾਇਤਾ ਪ੍ਰਾਪਤ ਨਾ ਕੀਤੀ ਹੋਵੇ, ਉਨ੍ਹਾਂ ਦੱਸਿਆ ਕੈਂਪ ਦੌਰਾਨ ਹੋਰ ਵੀ ਸਹਾਇਕ ਉਪਕਰਣ ਜਿਵੇਂ ਕੰਨਾਂ ਦੀਆਂ ਮਸ਼ੀਨਾਂ ਵੀਲ ਚੇਅਰ ਵਿਸਾਖੀਆਂ ਅਤੇ ਕੈਲੀਪਰਸ ਲੋੜਵੰਦਾਂ ਨੂੰ ਵੰਡੇ ਜਾਣਗੇ ਜਿਨਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਕਿਸੇ ਵੀ ਸੰਸਥਾ ਜਾਂ ਸਕੀਮ ਅਧੀਨ ਕੋਈ ਸਹਾਇਕ ਉਪਕਰਨ ਪ੍ਰਾਪਤ ਨਹੀਂ ਕੀਤਾ ਹੈ, ਉਨ੍ਹਾਂ ਕਿਹਾ ਕੈਂਪ ਦੌਰਾਨ ਚਾਹਵਾਨ ਉਮੀਦਵਾਰ ਆਪਣਾ ਆਧਾਰ ਕਾਰਡ ਅਤੇ UDID ਕਾਰਡ ਨਾਲ ਲੈ ਕੇ ਆਉਣਾ ਯਕੀਨੀ ਬਣਾਉਣ।

# ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਨਾਲ ਜੋੜਨ ਲਈ ਰਜਿਸਟ੍ਰੇਸ਼ਨ ਤੇ ਜਾਗਰੂਕਤਾ ਮੁਹਿੰਮ

ਬਲਦੇਵ ਸਿੰਘ ਬਾਜਵਾ

**ਗੁਰਦਾਸਪੁਰ, 7 ਜੁਲਾਈ** : ਜ਼ਿਲ੍ਹਾ ਯੁਵਾ ਅਫ਼ਸਰ ਸੰਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੇਰਾ ਯੁਵਾ ਭਾਰਤ (MY Bharat) ਵੱਲੋਂ 1 ਜੁਲਾਈ ਤੋਂ 15 ਅਗਸਤ 2026 ਤੱਕ ਦੇਸ਼ ਭਰ ਵਿੱਚ ਸਘਣ ਰਜਿਸਟ੍ਰੇਸ਼ਨ ਅਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਉਦੇਸ਼ ਵੱਧ ਤੋਂ ਵੱਧ ਨੌਜਵਾਨਾਂ ਨੂੰ ਮਾਈ ਭਾਰਤ ਪੋਰਟਲ ਨਾਲ ਜੋੜ ਕੇ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਵਿੱਚ ਭਾਗੀਦਾਰ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਜ਼ਿਲ੍ਹੇ ਦੇ ਕਾਲਜਾਂ, ਯੂਨੀਵਰਸਿਟੀਆਂ, ਉਦਯੋਗਿਕ ਸਿਖਲਾਈ ਸੰਸਥਾਵਾਂ (ITI), ਸਕੂਲਾਂ, ਐਨ.ਐੱਸ.ਐੱਸ. ਇਕਾਈਆਂ, ਨਹਿਰੂ ਯੁਵਾ ਕੇਂਦਰ ਨਾਲ ਸੰਬੰਧਿਤ ਯੁਵਾ ਕਲੱਬਾਂ ਤੇ ਹੋਰ ਸਮਾਜਿਕ ਤੇ ਸਿੱਖਿਆ ਸੰਸਥਾਵਾਂ ਵਿੱਚ ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ, ਜਾਗਰੂਕਤਾ ਪ੍ਰੋਗਰਾਮ, ਰੈਲੀਆਂ ਅਤੇ ਪ੍ਰਚਾਰ-ਪ੍ਰਸਾਰ ਗਤੀਵਿਧੀਆਂ ਰਾਹੀਂ ਚਲਾਈ ਜਾਵੇਗੀ। ਇਸ ਤੋਂ ਇਲਾਵਾ ਹੁਨਰ ਵਿਕਾਸ ਪ੍ਰੋਗਰਾਮਾਂ, ਸਫ਼ਾਈ ਮੁਹਿੰਮਾਂ, ਰੁੱਖ ਲਗਾਉਣ, ਖੂਨਦਾਨ ਕੈਂਪਾਂ, ਸਮਾਜਿਕ ਸੇਵਾ ਅਤੇ ਹੋਰ ਯੁਵਾ ਗਤੀਵਿਧੀਆਂ ਦੌਰਾਨ ਵੀ ਨੌਜਵਾਨਾਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇਗੀ। ਜ਼ਿਲ੍ਹਾ ਯੁਵਾ ਅਫ਼ਸਰ ਸੰਦੀਪ ਕੌਰ ਨੇ ਕਿਹਾ ਕਿ ਮਾਈ ਭਾਰਤ ਸਿਰਫ਼ ਇੱਕ ਰਜਿਸਟ੍ਰੇਸ਼ਨ ਪਲੇਟਫਾਰਮ ਨਹੀਂ, ਸਗੋਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਨਾਲ ਜੋੜਨ ਲਈ ਇੱਕ ਮਹੱਤਵਪੂਰਨ ਪਹਿਲ ਹੈ। ਇਸ ਪਲੇਟਫਾਰਮ ਰਾਹੀਂ ਨੌਜਵਾਨਾਂ ਨੂੰ ਸਵੈ-ਸੇਵਾ, ਲੀਡਰਸ਼ਿਪ ਵਿਕਾਸ, ਸ਼ਖਸੀਅਤ ਵਿਕਾਸ ਅਤੇ ਵੱਖ-ਵੱਖ ਸਰਕਾਰੀ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਭਾਗ ਲੈਣ ਦੇ ਮੌਕੇ ਪ੍ਰਾਪਤ ਹੋਣਗੇ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਕਾਲਜਾਂ, ਸਕੂਲਾਂ, ਆਈ ਟੀ ਆਈ, ਯੁਵਾ ਕਲੱਬਾਂ, ਸਵੈ-ਸੇਵੀ ਸੰਸਥਾਵਾਂ ਅਤੇ 15 ਤੋਂ 29 ਸਾਲ ਦੇ ਸਾਰੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ www.mybharat.gov.in 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਨਾਲ ਇਹ ਮੁਹਿੰਮ ਸਫ਼ਲ ਹੋਵੇਗੀ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦਾ ਯੋਗਦਾਨ ਹੋਰ ਵੀ ਮਜ਼ਬੂਤ ਹੋਵੇਗਾ।

# ਜਥੇਬੰਦੀ ਕਿਸੇ ਪਰਿਵਾਰ ਦੀ ਜਾਗੀਰ ਨਹੀਂ ਤੇ ਨਾ ਹੀ ਜਥੇਬੰਦੀ ਦੇ ਜਥੇਦਾਰ ਦੀ ਜਾਇਦਾਦ : ਬਾਬਾ ਅਮਨਵੀਰ ਸਿੰਘ

## ਜਥੇਬੰਦੀ ਦੀ ਸਾਂਝੀ ਜਾਇਦਾਦ ਨੂੰ ਪਰਿਵਾਰਕ ਨਾਂ ਕਰਕੇ ਵੇਚਣਾ ਬੇਹੱਦ ਮੰਦਭਾਗਾ : ਬਾਬਾ ਨਰੰਗ ਸਿੰਘ



ਮੋਹਿਤ ਹੀਰ

**ਹੁਸ਼ਿਆਰਪੁਰ/7 ਜੁਲਾਈ** : ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਵਿੱਚ ਜਥੇਬੰਦੀ ਦੀ ਜਾਇਦਾਦ ਨੂੰ ਲੈ ਕੇ ਚੱਲ ਰਿਹਾ ਵਿਵਾਦ ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਅੱਜ ਗੁਰਦੁਆਰਾ ਬਾਬਾ ਅੱਘੜ ਸਿੰਘ ਸ਼ਹੀਦ, ਪਿੰਡ ਟੂਟੋਮਜਾਰਾ ਵਿਖੇ ਹੋਈ ਜਥੇਬੰਦੀ ਦੀ ਅਹਿਮ ਅਤੇ ਭਾਰੀ ਇਕੱਤਰਤਾ ਵਿਚ ਕਿਹਾ ਕਿ ਜਦੋਂ ਤੱਕ ਜਥੇਬੰਦੀ ਦੀ ਜਾਇਦਾਦ ਨੂੰ ਗਲਤ ਤਰੀਕੇ ਨਾਲ ਵੇਚਣ ਅਤੇ ਪਰਿਵਾਰਵਾਦ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦਾ, ਉਦੋਂ ਤੱਕ ਬਾਬਾ ਨਿਹਾਲ ਸਿੰਘ ਨੂੰ ਜਥੇਦਾਰ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ। ਜਥੇਦਾਰ ਬਾਬਾ ਨਰੰਗ ਸਿੰਘ (ਗੁਰਦੁਆਰਾ ਮੰਜੀ ਸਾਹਿਬ, ਨਵਾਂ ਸ਼ਹਿਰ) ਦੀ ਅਗਵਾਈ ਹੇਠ ਹੋਈ ਇਸ ਇਕੱਤਰਤਾ ਵਿੱਚ ਗੁਰਦੁਆਰਿਆਂ ਦੇ ਮੁਖੀ, ਇਲਾਕੇ ਦੇ ਮੋਹਤਬਰ, ਵੱਖ-ਵੱਖ ਜਥੇਬੰਦੀਆਂ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਸਿੰਘ ਸ਼ਾਮਲ ਹੋਏ। ਇਸ ਮੌਕੇ ਜਥੇਬੰਦੀ ਵੱਲੋਂ ਕਿਹਾ ਕਿ ਬਾਬਾ ਨਿਹਾਲ ਸਿੰਘ ਨੇ ਹਰੀਆਂ ਵੇਲਾ ਜਥੇਬੰਦੀ ਦੇ ਨਾਮ ਤੇ ਦਰਜ ਸਾਂਝੀ ਜ਼ਮੀਨ ਵੇਚੀ ਹੈ। ਇਸ ਦੇ ਨਾਲ ਹੀ ਦੋਸ਼ ਲਾਇਆ ਗਿਆ ਕਿ ਜਥੇਬੰਦੀ ਦੀ ਸਾਂਝੀ ਜਾਇਦਾਦ ਨੂੰ ਪਰਿਵਾਰਕ ਵਾਰਸਾਂ ਦੇ ਨਾਂ ਕਰਨ, ਜਾਇਦਾਦ ਦੀ ਖੁਰਦ-ਬੁਰਦ ਕਰਨ ਅਤੇ ਜਥੇਬੰਦੀ ਦੇ ਪ੍ਰਬੰਧ ਵਿੱਚ ਪਰਿਵਾਰਵਾਦ ਰਾਹੀਂ ਬੇਲੋੜੀ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਇਹ ਸਾਰੀਆਂ ਕਾਰਵਾਈਆਂ ਜਥੇਬੰਦੀ ਦੀਆਂ ਪਰੰਪਰਾਵਾਂ ਅਤੇ ਖਾਲਸਾਈ ਮਰਿਆਦਾ ਦੇ ਉਲਟ ਹਨ।

ਇਕੱਤਰਤਾ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਹਰੀਆਂ ਵੇਲਾਂ ਜਥੇਬੰਦੀ ਕਿਸੇ ਇੱਕ ਵਿਅਕਤੀ ਜਾਂ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ, ਸਗੋਂ ਸਮੁੱਚੀ ਜਥੇਬੰਦੀ ਦੀ ਸਾਂਝੀ ਧਾਰਮਿਕ ਵਿਰਾਸਤ ਹੈ। ਇਸ ਦੀਆਂ ਜਾਇਦਾਦਾਂ ਅਤੇ ਰਵਾਇਤਾਂ ਦੀ ਰੱਖਿਆ ਕਰਨਾ ਹਰ ਸਿੰਘ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੱਲੋਂ ਜਥੇਬੰਦੀ ਦੀ ਸੰਪਤੀ ਨੂੰ ਨਿੱਜੀ ਮਲਕੀਅਤ ਸਮਝ ਕੇ ਵੇਚਣ ਜਾਂ ਪਰਿਵਾਰਕ ਨਾਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜਥੇਬੰਦੀ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤੇ ਵਿੱਚ ਸਪੱਸ਼ਟ ਕੀਤਾ ਗਿਆ ਕਿ ਵਿਵਾਦ ਦਾ ਨਿਆਂਪੂਰਨ ਹੱਲ ਹੋਣ ਤੱਕ ਬਾਬਾ ਨਿਹਾਲ ਸਿੰਘ ਨੂੰ ਜਥੇਦਾਰ ਵਜੋਂ ਮਾਨਤਾ ਨਹੀਂ ਦਿੱਤੀ ਜਾਵੇਗੀ ਤੇ ਨਾਲ ਹੀ ਜਥੇਬੰਦੀ ਨੇ ਡੇਰੇ ਦੀਆਂ ਜਾਇਦਾਦਾਂ, ਵਡੇਰਿਆਂ ਦੀ ਵਿਰਾਸਤ ਅਤੇ ਖਾਲਸਾਈ ਰਵਾਇਤਾਂ ਦੀ ਹਰ ਕੀਮਤ 'ਤੇ ਰੱਖਿਆ ਕਰਨ ਦਾ ਅਹਿਦ ਵੀ ਦੁਹਰਾਇਆ। ਇਸ ਮੌਕੇ ਬਾਬਾ ਸੁੱਖਾ ਸਿੰਘ ਪੀਰਬਾਲਾ ਸਾਹਿਬ, ਬਾਬਾ ਸਮਿੱਤਰ ਸਿੰਘ, ਬਾਬਾ ਬਲਵੀਰ ਸਿੰਘ ਹਸਾਰਵਾਲੇ, ਬਾਬਾ ਹਰਪ੍ਰੀਤ ਸਿੰਘ ਟਾਹਲੀ ਸਾਹਿਬ, ਬਾਬਾ ਹਰਭਜਨ ਸਿੰਘ ਸੋਤਲੇ ਵਾਲੇ, ਬਾਬਾ ਦਵਿੰਦਰ ਸਿੰਘ ਉੱਚੀ ਬੱਸੀ, ਮਹੰਤ ਸੁਖਦੇਵ ਸਿੰਘ, ਬਾਬਾ ਹਰਦਿਆਲ ਸਿੰਘ, ਬਾਬਾ ਰਣਤੋੜ ਸਿੰਘ, ਗਿਆਨੀ ਸੁਖਵੰਤ ਸਿੰਘ, ਗਿਆਨੀ ਗੁਰਪ੍ਰੀਤ ਸਿੰਘ, ਬਾਬਾ ਨਿਸ਼ਾਨ ਸਿੰਘ, ਬਾਬਾ ਬਰਿੰਦਰ ਸਿੰਘ ਜੰਡੋਲੀ, ਜਥੇਦਾਰ ਸਿਗਾਰਾ ਸਿੰਘ, ਭਾਈ ਅਮਨਵੀਰ ਸਿੰਘ (ਮੁੱਖ ਬੁਲਾਰਾ), ਭਾਈ ਗੁਰਦੇਵ ਸਿੰਘ (ਮੁੱਖ ਬੁਲਾਰਾ), ਭਾਈ ਧਰਮ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਕੁਲਵਿੰਦਰ ਸਿੰਘ ਕੰਗ ਮਾਈ, ਸਰਪੰਚ ਨਛੱਤਰ ਸਿੰਘ, ਬਲਜੀਤ ਸਿੰਘ ਪੰਚ ਸਮੇਤ ਵੱਡੀ ਗਿਣਤੀ ਵਿੱਚ ਜਥੇਬੰਦੀ ਦੇ ਸਿੰਘ ਹਾਜ਼ਰ ਸਨ। ਇਸ ਸਬੰਧੀ ਜਦੋਂ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾ ਦੇ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਦੀ ਧਰਮ ਪਤਨੀ ਬੀਬੀ ਯਸ਼ਪਾਲ ਕੌਰ ਨਾਲ ਫੋਨ ਤੇ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਜਲਦ ਹੀ ਦੋ ਚਾਰ ਦਿਨਾਂ ਵਿੱਚ ਤੁਹਾਨੂੰ ਬਾਬਾ ਜੀ ਦੱਸ ਦੇਣਗੇ, ਇੰਨਾ ਕੁਝ ਬੋਲ ਕੇ ਬੀਬੀ ਜੀ ਨੇ ਫੋਨ ਕੱਟ ਦਿੱਤਾ।


## ਉਜੀਵਨ ਸਮਾਲ ਫਾਇਨਾਂਸ ਬੈਂਕ

**ਰਜਿਸਟਰਡ ਦਫ਼ਤਰ:** ਅੰਗੂਰ ਬਾਗ, ਨੰਬਰ 27 ਤੀਜਾ 'ਏ' ਕਰਾਸ, 18ਵਾਂ ਮੇਨ, 6ਵਾਂ ਬਲਾਕ, ਕੋਰਮੰਗਲਾ, ਬੈਂਗਲੁਰੂ-560095
**ਖੇਤਰੀ ਦਫ਼ਤਰ:-** ਜੀਐਮਟੀਟੀ ਬਿਲਡਿੰਗ ਪਲਾਟ ਨੰਬਰ ਡੀ-7, ਸੈਕਟਰ-3, ਨੋਇਡਾ (ਯੂਪੀ)-201301
**ਸ਼ਾਖਾ ਦਫ਼ਤਰ:-** ਦੁਕਾਨ ਨੰਬਰ 49, ਜੇ.ਕੇ. ਟਾਵਰ, ਮਾਲ ਰੋਡ, ਅੰਮ੍ਰਿਤਸਰ, ਪੰਜਾਬ-143001

**ਜਨਤਕ ਨਿਲਾਮੀ ਨੋਟਿਸ**

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ (ਸਰਫੇਸੀ ਐਕਟ), 2002 ਜਿਸ ਨੂੰ ਸਕਿਉਰਿਟੀ ਇਨਟਰਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8(6) ਅਤੇ 9 ਦੀਆਂ ਤਜਵੀਜਾਂ ਨਾਲ ਪੜਿਆ ਜਾਵੇ ਤਹਿਤ ਵਿਕਰੀ ਲਈ ਜਨਤਕ ਨੋਟਿਸ। ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮ. ਦੇ ਅਧਿਕਾਰਤ ਅਫਸਰ ਨੇ ਸਰਫੇਸੀ ਐਕਟ ਦੀ ਧਾਰਾ 13(4) ਦੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਹੇਠ ਦਰਸਾਈ ਜਾਇਦਾਦ 'ਤੇ ਕਬਜ਼ਾ ਲੈ ਲਿਆ ਹੈ। ਖਾਸ ਤੌਰ 'ਤੇ ਕਰਜ਼ਦਾਰ ਅਤੇ ਆਮ ਜਨ ਸਾਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦੇ ਬਕਾਏ ਦੀ ਪ੍ਰਾਪਤੀ ਲਈ ਹੇਠਾਂ ਦਰਸਾਏ ਖਾਤੇ ਵਿੱਚ ਗਿਰਵੀ ਜਾਇਦਾਦ ਦੀ ਜਨਤਕ ਨਿਲਾਮੀ 'ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ' ਅਤੇ 'ਜਿਵੇਂ ਹੈ ਜੋ ਹੈ ਦੇ ਆਧਾਰ 'ਤੇ' ਇੱਥੇ ਨਿਰਧਾਰਤ ਮਿਤੀ ਨੂੰ ਕੀਤੀ ਜਾਵੇਗੀ।

| ਲ. ਨੰ. | ਲੋਨ ਖਾਤਾ ਨੰਬਰ | ਕਰਜ਼ਦਾਰ/ਸਹਿ-ਕਰਜਦਾਰ/ ਗਰੰਟਰਾਂ ਦੇ ਨਾਮ | 13-2 ਨੋਟਿਸ ਦੀ ਮਿਤੀ ਅਤੇ ਡਿਮਾਂਡ ਰਕਮ | ਭੌਤਿਕ ਕਬਜ਼ੇ/ ਸੰਕੇਤਿਕ ਕਬਜ਼ੇ ਦੀ ਮਿਤੀ | ਮੌਜੂਦਾ ਬਕਾਇਆ | ਜਾਇਦਾਦ ਦੀ ਨਿਰੀਖਣ ਦੀ ਮਿਤੀ ਤੇ ਸਮਾਂ | ਰਾਖਵੀਂ ਕੀਮਤ ਰੁ. ਵਿੱਚ | ਬਿਆਨਾ ਰਾਸ਼ੀ ਜਮਾਂ (ਈਐਮਡੀ) ਰੁ. ਵਿੱਚ (ਰਾਖਵੀਂ ਕੀਮਤ ਦਾ 10%) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬੋਲੀ ਜਮਾਂ ਕਰਵਾਉਣ ਦੀ ਆਖਰੀ ਮਿਤੀ | ਈਐਮਡੀ ਭੇਜਣ ਲਈ ਖਾਤੇ ਦੇ ਵੇਰਵੇ |
|---|---|---|---|---|---|---|---|---|---|---|---|
| 1. | 22802101 30000021 | 1. ਮਨਪ੍ਰੀਤ ਸਿੰਘ ਬਾਜਵਾ ਪੁੱਤਰ ਰਣਜੀਤ ਸਿੰਘ ਉਰਫ ਰਣਜੀਤ ਸਿੰਘ ਬਾਜਵਾ, ਵਾਸੀ ਐਲਆਈਜੀ 517-518, ਹਾਊਸਿੰਗ ਬੋਰਡ ਕਲੋਨੀ, ਸੀ-ਬਲਾਕ, ਰਣਜੀਤ ਅਵੇਨਿਊ, ਅੰਮ੍ਰਿਤਸਰ, ਪੰਜਾਬ 143001, 2. ਪਰਮਜੀਤ ਕੌਰ ਪਤਨੀ ਸ੍ਰੀ ਰਣਜੀਤ ਸਿੰਘ ਉਰਫ ਰਣਜੀਤ ਸਿੰਘ ਬਾਜਵਾ, ਵਾਸੀ ਐਲਆਈਜੀ 517-518, ਹਾਊਸਿੰਗ ਬੋਰਡ ਕਲੋਨੀ, ਸੀ-ਬਲਾਕ, ਰਣਜੀਤ ਅਵੇਨਿਊ, ਅੰਮ੍ਰਿਤਸਰ, ਅੰਮ੍ਰਿਤਸਰ-2, ਪੰਜਾਬ 143001 | 07.09.2024 & Rs. 9,98,431/- | 29.10.2025 (ਭੌਤਿਕ ਕਬਜਾ) | Rs. 12,03,751.88 (ਮਿਤੀ 05.07.2026 ਤੱਕ) | 22.07.2026 ਦੁਪਹਿਰ 02:00 ਵਜੇ ਪਹਿਲਾਂ ਮਿਲਣ ਦਾ ਸਮਾਂ ਲੈ ਕੇ | Rs. 5,26,000/- | Rs. 52,600/- | 29.07.2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ | 28.07.2026 ਸ਼ਾਮ 4:00 ਵਜੇ ਤੱਕ | ਈਐਮਡੀ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ ਜਮਾ ਕੀਤੀ ਜਾਵੇ ਜੋ ਅੰਮ੍ਰਿਤਸਰ ਸ਼ਾਖਾ ਵਿੱਚ ਭੁਗਤਾਨ ਯੋਗ ਹੋਵੇਗੀ ਜਾਂ ਆਰਟੀਜੀਐਸ/ ਐਨਈਐਫਟੀ/ਆਈਐਮਪੀਐਸ ਰਾਹੀਂ ਖਾਤਾ ਨੰਬਰ 22011013462001 ਆਈਐਫਐਸਸੀ UJVN0002201 ਵਿੱਚ ਭੇਜੀ ਜਾਵੇ। ਸੰਪਰਕ ਵਿਅਕਤੀ: 1. ਜਸਵਿੰਦਰ ਸਿੰਘ:- 7009250617; 2. ਅਸ਼ੀਸ਼ ਚੌਧਰੀ:- 9875980425 |
| ਜਾਇਦਾਦਦ : ਸਾਰੇ ਅਤੇ ਅਹਿਮ ਹਿਸਿਆਂ ਵਿਚੋਂ ਫਰੀਹੋਲਡ ਰਿਹਾਇਸੀ ਜਾਇਦਾਦ ਮਿਣਤੀ 228 ਵਰਗ ਫੁਟ ਜਿਸ ਦਾ ਫਲੈਟ ਨੰ ਐਲਆਈਜੀ 518, ਹੇਠਲੀ ਮੰਜਿਲ, ਸਥਿਤੀ ਸੈਕਟਰ 3, ਹਾਊਸਿੰਗ ਬੋਰਡ ਕਲੋਨੀ, ਰਣਜੀਤ ਅਵੇਨਿਊ, ਤਹਿ. ਅਤੇ ਜਿਲਾ ਅੰਮ੍ਰਿਤਸਰ, ਪੰਜਾਬ ਜਿਸ ਦੀ ਚਾਰਦੀਵਾਰੀ ਹੇਠ ਮੁਤਾਬਕ : ਚਾਰਦੀਵਾਰੀ : ਪੂਰਬ : ਗਲੀ, ਪਛਮ : ਹੋਰ ਦਾ ਮਕਾਨ, ਉਤਰ : ਨਵਰੂਪ ਕੌਰ ਦਾ ਮਕਾਨ, ਦਖਣ : ਮਨਦੀਪ ਕੌਰ ਦਾ ਮਕਾਨ। | | | | | | | | | | | |
| 2. | 22802101 70000130 | 1. ਮਨਜੀਤ ਕੌਰ ਸੀ/ਓ ਵਿਜੇ ਸਿੰਘ ਵਾਸੀ 81, ਬਾਬਾ ਦੀਪ ਸਿੰਘ ਕਲੋਨੀ, ਵੇਰਕਾ, ਅੰਮ੍ਰਿਤਸਰ, ਪੰਜਾਬ 143501, 2. ਵਿਜੇ ਸਿੰਘ ਪੁੱਤਰ ਪ੍ਰਿਥਪਾਲ ਸਿੰਘ ਉਰਫ ਪ੍ਰਿਥੀਪਾਲ ਸਿੰਘ ਵਾਸੀ ਗਾਰੰਟਰ 81, ਬਾਬਾ ਦੀਪ ਸਿੰਘ ਕਲੋਨੀ, ਵੇਰਕਾ, ਅੰਮ੍ਰਿਤਸਰ, ਪੰਜਾਬ 143501 | 28.03.2025 Rs. 9,45,815/- | 10.12.2025 (ਭੌਤਿਕ ਕਬਜਾ) | Rs. 21,85,481.87 (ਮਿਤੀ 05.07.2026 ਤੱਕ) | 22.07.2026 ਦੁਪਹਿਰ 02:00 ਵਜੇ ਪਹਿਲਾਂ ਮਿਲਣ ਦਾ ਸਮਾਂ ਲੈ ਕੇ | Rs. 9,96,000/- | Rs. 99,600/- | 29.07.2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ | 28.07.2026 ਸ਼ਾਮ 4:00 ਵਜੇ ਤੱਕ | ਈਐਮਡੀ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ ਜਮਾ ਕੀਤੀ ਜਾਵੇ ਜੋ ਅੰਮ੍ਰਿਤਸਰ ਸ਼ਾਖਾ ਵਿੱਚ ਭੁਗਤਾਨ ਯੋਗ ਹੋਵੇਗੀ ਜਾਂ ਆਰਟੀਜੀਐਸ/ ਐਨਈਐਫਟੀ/ਆਈਐਮਪੀਐਸ ਰਾਹੀਂ ਖਾਤਾ ਨੰਬਰ 22011013462001 ਆਈਐਫਐਸਸੀ UJVN0002201 ਵਿੱਚ ਭੇਜੀ ਜਾਵੇ। ਸੰਪਰਕ ਵਿਅਕਤੀ: 1. ਜਸਵਿੰਦਰ ਸਿੰਘ:- 7009250617; 2. ਅਸ਼ੀਸ਼ ਚੌਧਰੀ:- 9875980425 |
| ਜਾਇਦਾਦ: ਸਾਰੇ ਅਤੇ ਅਹਿਮ ਹਿਸਿਆਂ ਵਿਚੋਂ ਰਿਹਾਇਸ਼ੀ ਮਕਾਨ ਜਿਸ ਦਾ ਪ੍ਰਾਈਵੇਟ ਨੰਬਰ 82, ਖਸਰਾ ਨੰਬਰ 71//19,22, 92//2 ਮਿੰਨ, ਖੇਵਟ ਖਤੌਨੀ ਨੰਬਰ 102/133, 103/134, ਰਾਹੀਂ ਜਮਾਂਬੰਦੀ ਸਾਲ 2016-17, ਮਿਣਤੀ 750 ਵਰਗ ਫੁਟ ਜੋ ਕਿ 83.33 ਵਰਗ ਗਜ਼, ਸਥਿਤੀ ਪਿੰਡ ਵੇਰਕਾ ਦੇ ਮਾਲੀਆ ਅਸਟੇਟ ਦੇ ਖੇਤਰ ਅੰਦਰ, ਹਦਬਸਤ ਨੰਬਰ 281, ਆਬਾਦੀ ਬਾਬਾ ਦੀਪ ਸਿੰਘ ਕਲੋਨੀ, ਤਹਿਸੀਲ ਅੰਮ੍ਰਿਤਸਰ - 2, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਚਾਰਦੀਵਾਰੀ ਹੇਠ ਮੁਤਾਬਕ : ਪੂਰਬ: ਦੂਜਿਆਂ ਦੀ ਜਾਇਦਾਦ, ਪੱਛਮ: ਸੜਕ; ਉੱਤਰ: ਪਲਾਟ ਨੰ. 83, ਦੱਖਣ: ਪਲਾਟ ਨੰ. 81 | | | | | | | | | | | |

**ਨਿਯਮ ਅਤੇ ਸ਼ਰਤਾਂ:-**

ਈ-ਨਿਲਾਮੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਕੀਤੀ ਜਾ ਰਹੀ ਹੈ।

1. ਅਧਿਕਾਰਤ ਅਫ਼ਸਰ ਦੀ ਜਾਣਕਾਰੀ ਅਨੁਸਾਰ ਜਾਇਦਾਦ ਵਿੱਚ ਕੋਈ ਰੁਕਾਵਟ ਨਹੀਂ ਹੈ, ਫਿਰ ਵੀ ਚਾਹਵਾਨ ਬੋਲੀਕਾਰ ਨਿਲਾਮੀ ਲਈ ਜਾਇਦਾਦ ਦੇ ਭਾਰ, ਟਾਇਟਲ ਸਬੰਧੀ ਆਪਣੀ ਸੁਤੰਤਰ ਪੜਤਾਲ ਕਰਵਾ ਲਵੇ ਅਤੇ ਜਾਇਦਾਦ ਦੇ ਟਾਇਟਲ/ਦਾਅਵੇ/ਹੱਕ/ਬਕਾਏ ਜਿਸ ਨਾਲ ਜਾਇਦਾਦ ਨੂੰ ਫਰਕ ਪੈਂਦਾ ਹੋਵੇ ਦੀ ਜਾਣਕਾਰੀ ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਲੈ ਲਵੇ। ਈ ਨਿਲਮੀ ਦਾ ਇਸਤਿਹਾਰ ਬੈਂਕ ਵਲੋਂ ਕਿਸੇ ਤਰਾਂ ਦੀ ਪ੍ਰਤੀਬਧਤਾ ਜਾਂ ਪ੍ਰਤੀਨਿਧਤਾ ਨਹੀਂ ਹੈ ਅਤੇ ਨਾ ਹੀ ਸਮਝੀ ਜਾਵੇ। ਜਾਇਦਾਦ ਸਾਰੇ ਮੌਜੂਦਾ ਅਤੇ ਭਵਿਖੀ ਭਾਰ ਭਾਵੇਂ ਉਹ ਬੈਂਕ ਦੀ ਜਾਣਕਾਰੀ ਵਿਚ ਹਨ ਜਾਂ ਨਹੀ ਹਨ ਨਾਲ ਵੇਚੀਆਂ ਜਾ ਰਹੀਆ ਹਨ। ਅਧਿਕਾਰਤ ਅਫਸਰ/ਸਿਕਿਉਰਡ ਕ੍ਰੈਡੀਟਰ ਕਿਸੇ ਵੀ ਤੀਜੀ ਧਿਰ ਦੇ ਦਾਅਵੇ/ਹੱਕ/ਬਕਾਏ ਲਈ ਜ਼ਿੰਮੇਵਾਰ ਨਹੀਂ ਹੋਣਗੇ।
2. ਬੋਲੀ ਜਮਾ ਕਰਨ ਤੋਂ ਪਹਿਲਾਂ ਜਾਇਦਾਦ ਅਤੇ ਵੇਰਵੇ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਅਤੇ ਨਿਰੀਖਣ ਕਰਨਾ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ। ਨਿਲਾਮੀ ਲਈ ਰੱਖੀਆਂ ਗਈਆਂ ਜਾਇਦਾਦਾਂ ਦਾ ਨਿਰੀਖਣ ਚਾਹਵਾਨ ਬੋਲੀਕਾਰਾਂ ਨੂੰ ਹਰੇਕ ਜਾਇਦਾਦ ਦੇ ਵੇਰਵੇ ਦੇ ਵਿਰੁੱਧ ਦੱਸੇ ਗਏ ਸਥਾਨਾਂ 'ਤੇ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।
3. ਚਾਹਵਾਨ ਬੋਲੀਕਾਰ ਆਪਣੀ ਬੋਲੀ ਉੱਪਰ ਦਰਸਾਈ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਅਧਿਕਾਰਤ ਅਫਸਰ ਸਨਮੁਖ ਜਮਾਂ ਕਰਾਉਣਗੇ।
4. ਈ-ਨਿਲਾਮੀ ਉਜੀਵਨ ਸਮਾਲ ਫਾਈਨਾਂਸ ਬੈਂਕ ਦੁਆਰਾ ਪ੍ਰਵਾਨਿਤ ਈ-ਨਿਲਾਮੀ ਸੇਵਾ ਪ੍ਰਦਾਤਾ - ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਦੁਆਰਾ ਕੀਤੀ ਜਾਵੇਗੀ। ਸੰਪਰਕ ਵਿਅਕਤੀ-ਪ੍ਰਭਾਕਰਨ ਐਮ. (ਮੋਬ ਨੰਬਰ 7418281709)। ਚਾਹਵਾਨ ਬੋਲੀਕਾਰਾਂ ਨੂੰ ਵੈੱਬਸਾਈਟ ਵਿੱਚ ਜਾਇਦਾਦਾਂ ਦੇ ਵੇਰਵਿਆਂ ਲਈ https://www.bankeauctions.com ਜਾਂ https://www.ujjivansfb.in/e-auctions 'ਤੇ ਪਹੁੰਚ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਬੋਲੀ ਵਿੱਚ ਹਿੱਸਾ ਲੈਣ ਲਈ ਉਨ੍ਹਾਂ ਨੂੰ ਪੋਰਟਲ https://www.bankeauctions.com 'ਤੇ ਆਪਣੇ ਨਾਮ ਰਜਿਸਟਰ ਕਰਨੇ ਚਾਹੀਦੇ ਹਨ ਅਤੇ ਆਪਣਾ ਯੂਜ਼ਰ-ਆਈਡੀ ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਨਾ ਚਾਹੀਦਾ ਹੈ। ਸੰਭਾਵੀ ਬੋਲੀਕਾਰ ਸੇਵਾ ਪ੍ਰਦਾਤਾ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ, ਹੈਲਪਲਾਈਨ ਨੰਬਰ- 7291918824,25,26 ਸਹਾਇਤਾ ਈਮੇਲ ਆਈਡੀ:-support@bankeauctions.com, ਨਿਲਾਮੀ ਪੋਰਟਲ - https://www.bankeauctions.com ਤੋਂ ਈ-ਨਿਲਾਮੀ ਦੀ ਔਨਲਾਈਨ ਟਰੇਨਿੰਗ ਪ੍ਰਾਪਤ ਕਰ ਸਕਦੇ ਹਨ।
5. ਜਾਇਦਾਦ ਸਰਵੋਚ ਬੋਲੀਕਾਰ/ਪੇਸ਼ਕੇਸ ਨੂੰ ਵੇਚੀ ਜਾਵੇਗੀ, ਜੋ ਕਿ ਸੁਰੱਖਿਅਤ ਲੈਣਦਾਰ, ਜੋਕਿ, ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੁਆਰਾ ਬੋਲੀ ਦੀ ਸਵੀਕ੍ਰਿਤੀ ਦੇ ਅਧੀਨ ਹੈ। ਹਾਲਾਂਕਿ, ਨਿਮਨਹਸਤਾਖਰੀ ਜ਼ਰੂਰੀ ਸਮਝੇ ਜਾਣ 'ਤੇ ਅੰਤਰ-ਬੋਲੀ ਦੀ ਆਗਿਆ ਦੇਣ ਦਾ ਪੂਰਾ ਅਧਿਕਾਰ ਰਖਦਾ ਹੈ। ਅਧਿਕਾਰਤ ਅਫਸਰ ਕੋਲ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਪੇਸ਼ਕਸ਼/ਟੈਂਡਰ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਹੈ।
6. ਸਫਲ ਬੋਲੀਕਾਰ ਦੀ ਬਿਆਨਾ ਰਾਸੀ ਜਮਾਂ (ਈਐਮਡੀ) ਨੂੰ ਵਿਕਰੀ ਦੇ ਭਾਗ ਵਜੋਂ ਰਖ ਲਿਆ ਜਾਵੇਗਾ ਅਤੇ ਅਸਫਲ ਬੋਲੀਕਾਰਾਂ ਦੀ ਈਐਮਡੀ ਵਾਪਸ ਕਰ ਦਿੱਤੀ ਜਾਵੇਗੀ। ਬਿਆਨਾ ਰਾਸ਼ੀ ਜਮਾਂ 'ਤੇ ਕੋਈ ਵਿਆਜ ਨਹੀਂ ਹੋਵੇਗਾ। ਸਫਲ ਬੋਲੀਕਾਰ ਨੂੰ ਅਧਿਕਾਰਤ ਅਫਸਰ ਦੁਆਰਾ ਬੋਲੀ ਕੀਮਤ ਸਵੀਕਾਰ ਕਰਨ ਦੇ 24 ਘੰਟਿਆਂ ਦੇ ਅੰਦਰ ਵਿਕਰੀ ਕੀਮਤ ਦਾ 25%, ਪਹਿਲਾਂ ਤੋਂ ਅਦਾ ਕੀਤੀ ਗਈ ਈਐਮਡੀ ਨੂੰ ਐਡਜਸਟ ਕਰਕੇ ਅਤੇ ਵਿਕਰੀ ਦੇ 15ਵੇਂ ਦਿਨ ਜਾਂ ਇਸ ਤੋਂ ਪਹਿਲਾਂ ਵਿਕਰੀ ਕੀਮਤ ਦਾ ਬਾਕੀ 75% ਜਾਂ ਕਿਸੇ ਵੀ ਸਥਿਤੀ ਵਿੱਚ 3 ਮਹੀਨਿਆਂ ਤੋਂ ਵੱਧ ਨਾ ਹੋਣ ਵਾਲੀ ਅਜਿਹੀ ਵਧਾਈ ਗਈ ਮਿਆਦ ਦੇ ਅੰਦਰ ਜਮਾਂ ਕਰਵਾਉਣਾ ਹੋਵੇਗਾ ਜਿਵੇਂ ਕਿ ਲਿਖਤੀ ਰੂਪ ਵਿੱਚ ਅਤੇ ਸਿਰਫ਼ ਅਧਿਕਾਰਤ ਅਫਸਰ ਦੀ ਮੰਜ਼ੂਰੀ ਦਿੱਤੀ ਗਈ ਹੋਵੇ। ਸਫਲ ਬੋਲੀਕਾਰ ਦੁਆਰਾ ਭੁਗਤਾਨ ਵਿੱਚ ਡਿਫਾਲਟ ਹੋਣ ਦੀ ਸਥਿਤੀ ਵਿੱਚ, ਪੇਸ਼ਕਸ਼ ਦੁਆਰਾ ਪਹਿਲਾਂ ਹੀ ਜਮਾ ਕੀਤੀ ਗਈ ਰਕਮ ਜ਼ਬਤ ਕੀਤੀ ਜਾ ਸਕਦੀ ਹੈ ਅਤੇ ਜਾਇਦਾਦ ਨੂੰ ਦੁਬਾਰਾ ਨਿਲਾਮੀ ਲਈ ਰੱਖਿਆ ਜਾਵੇਗਾ ਅਤੇ ਡਿਫਾਲਟ ਖਰੀਦਦਾਰ ਦਾ ਜਾਇਦਾਦ/ਰਕਮ ਸੰਬੰਧੀ ਕੋਈ ਦਾਅਵਾ/ਅਧਿਕਾਰ ਨਹੀਂ ਹੋਵੇਗਾ।
7. ਪ੍ਰਕਾਸ਼ਨ ਫੋਰਸ ਮੇਜਰ ਕਲਾਜ਼ ਦੇ ਅਧੀਨ ਹੈ।
8. ਬੋਲੀਕਾਰਾਂ ਨੂੰ ਆਖਰੀ ਸਮੇਂ ਵਿੱਚ ਬੋਲੀ ਲਗਾਉਣ ਤੋਂ ਬਚਿਆ ਜਾਣਾ ਚਾਹੀਦਾ ਹੈ ਕਿਉਂਕਿ ਨਾ ਤਾਂ ਉਜੀਵਨ ਸਮਾਲ ਫਾਈਨਾਂਸ ਬੈਂਕ ਅਤੇ ਨਾ ਹੀ ਸੇਵਾ ਪ੍ਰਦਾਤਾ ਕਿਸੇ ਵੀ ਗਲਤੀ/ਅਸਫਲਤਾ (ਇੰਟਰਨੈਟ ਅਸਫਲਤਾ/ਬਿਜਲੀ ਅਸਫਲਤਾ ਆਦਿ) ਲਈ ਜ਼ਿੰਮੇਵਾਰ ਹੋਵੇਗਾ। ਅਜਿਹੀਆਂ ਅਚਨਚੇਤੀ ਸਥਿਤੀਆਂ ਤੋਂ ਬਚਣ ਲਈ ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਾਰੇ ਜ਼ਰੂਰੀ ਪ੍ਰਬੰਧ/ਵਿਕਲਪ ਜਿਵੇਂ ਕਿ ਬਿਜਲੀ ਸਪਲਾਈ ਬੈਕ-ਅੱਪ ਆਦਿ ਕਰਨ, ਤਾਂ ਜੋ ਉਹ ਅਜਿਹੀ ਸਥਿਤੀ ਨੂੰ ਟਾਲ ਸਕਣ ਅਤੇ ਨਿਲਾਮੀ ਵਿੱਚ ਸਫਲਤਾਪੂਰਵਕ ਹਿੱਸਾ ਲੈ ਸਕਣ।

ਇਹ ਉਪਰੋਕਤ ਕਰਜਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਗਿਰਵੀ ਰੱਖੀ ਜਾਇਦਾਦ ਦੀ ਵਿਕਰੀ ਲਈ ਤੈਅ ਕੀਤੀ ਗਈ ਜਨਤਕ ਨਿਲਾਮੀ ਬਾਰੇ ਇੱਕ ਨੋਟਿਸ ਵੀ ਹੈ।

ਮਿਤੀ: 07.07.2026
ਸਥਾਨ: ਨੋਇਡਾ

ਅਧਿਕਾਰਤ ਅਫਸਰ,
ਉਜੀਵਨ ਸਮਾਲ ਫਾਈਨਾਂਸ ਬੈਂਕ